# Media Release

ਤੁਰੰਤ ਰਿਲੀਜ ਲਈ

## ਬ੍ਰੈਂਪਟਨ ਵਿੱਚ ਵਾਤਾਵਰਣ ਸਬੰਧੀ ਬਦਲਾਅ ਲਿਆਉਣ ਵਾਲੇ ਸਾਰੇ ਲੋਕਾਂ ਨੂੰ ਸੱਦਾ ਦਿੱਤਾ ਜਾ ਰਿਹਾ ਹੈ!

***ਬੋਰਡ ਮੈਂਬਰ ਵਜੋਂ ਸੈਂਟਰ ਫਾਰ ਕਮਿਊਨਿਟੀ ਐਨਰਜੀ ਟ੍ਰਾਂਸਫੋਰਮੇਸ਼ਨ ਨਾਲ ਜੁੜੋ;***
***ਕਿਸੇ ਵਿਅਕਤੀ ਜਾਂ ਕਾਰੋਬਾਰ ਨੂੰ, ਗ੍ਰੋ ਗ੍ਰੀਨ ਅਵਾਰਡਸ ਲਈ ਨਾਮਾਂਕਿਤ ਕਰੋ***

ਬ੍ਰੈਂਪਟਨ, ਓਨਟੈਰੀਓ (2 ਫਰਵਰੀ, 2022) – ਸਿਟੀ ਆਫ ਬ੍ਰੈਂਪਟਨ ਵਿੱਚ, ਕਮਿਊਨਿਟੀ ਵਿੱਚ ਵਿਅਕਤੀਆਂ, ਕਾਰੋਬਾਰਾਂ ਅਤੇ ਸੰਗਠਨਾਂ ਲਈ ਦੋ ਨਵੇਂ ਮੌਕੇ ਹਨ।

**ਸੈਂਟਰ ਫਾਰ ਕਮਿਊਨਿਟੀ ਐਨਰਜੀ ਟ੍ਰਾਂਸਫੋਰਮੇਸ਼ਨ (ਸੀ.ਸੀ.ਈ.ਟੀ.)**

ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਸਰਬਸੰਮਤੀ ਦੇ ਨਾਲ, ਸੀ.ਸੀ.ਈ.ਟੀ. ਐਡਵਾਈਜਰੀ ਟਾਸਕ ਫੋਰਸ (CCET Advisory Task Force) ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨਗੀ ਦਿੱਤੀ ਹੈ। ਇਹਨਾਂ ਸਿਫਾਰਿਸ਼ਾਂ ਵਿੱਚ ਸ਼ਾਮਲ ਹਨ, ਨਵੇਂ ਸੀ.ਸੀ.ਈ.ਟੀ. ਬਜਟ (CCET Budget) ਵਿੱਚ 300,000 ਡਾਲਰ ਦੀ ਰਕਮ ਦੇ, ਐਨਵਾਇਰਨਮੈਂਟਲ ਮਾਸਟਰ ਪਲਾਨ (Environmental Master Plan) ਕੈਪੀਟਲ ਬਜਟ ਵਿੱਚੋਂ ਮੌਜੂਦਾ ਕੈਪੀਟਲ ਫੰਡਸ ਦੀ ਦੁਬਾਰਾ ਵੰਡ। ਇਹ ਫੰਡਿੰਗ, ਸਿਟੀ ਨੂੰ ਜਲਵਾਯੂ ਸਬੰਧੀ ਪਰਿਵਰਤਨਕਾਰੀ ਕਾਰਵਾਈ ਕਰਨ ਵਿੱਚ ਸਹਾਇਤਾ ਕਰਦੇ ਹੋਏ, ਸੀ.ਸੀ.ਈ.ਟੀ. (CCET) ਨੂੰ ਸਥਾਪਤ ਕਰਨ ਅਤੇ ਇਸਦੇ ਪਹਿਲੇ ਸਾਲ ਦੇ ਓਪਰੇਸ਼ਨਾਂ ਵਿੱਚ ਸਹਾਇਤਾ ਕਰਨ ਵਿੱਚ ਮਦਦ ਕਰੇਗੀ। ਪੂਰੀ ਰਿਪੋਰਟ ਦੇਖਣ ਲਈ, www.brampton.ca/CCET ਤੇ ਜਾਓ।

ਪ੍ਰਵਾਨ ਕੀਤੀ ਫੰਡਿੰਗ ਦੇ ਨਾਲ ਸੀ.ਸੀ.ਈ.ਟੀ. ਹੁਣ, ਸੀ.ਸੀ.ਈ.ਟੀ. ਨੂੰ ਰਸਮੀ ਤੌਰ ਤੇ ਗੈਰ-ਲਾਭ ਇਨਕਾਰਪੋਰੇਸ਼ਨ ਵਿੱਚ ਸਥਾਪਤ ਕਰਨ ਵਿੱਚ ਮਦਦ ਲਈ, ਟ੍ਰਾਂਜਿਸ਼ਨਲ ਬੋਰਡ (Transitional Board) ਵਿੱਚ ਵਾਲੰਟੀਅਰ ਕਰਨ ਦੇ ਇਛੁੱਕ ਜੋਸ਼ੀਲੇ ਵਿਅਕਤੀ ਲੱਭ ਰਹੀ ਹੈ।

ਇਸ ਕੁਸ਼ਲਤਾ-ਅਧਾਰਿਤ ਗਵਰਨੈਂਸ ਬੋਰਡ ਵਿੱਚ, ਵਾਲੰਟੀਅਰ ਅਧਾਰ ਤੇ ਨੌ ਮੈਂਬਰ ਅਤੇ ਸੀ.ਸੀ.ਈ.ਟੀ. ਸਟਾਫ਼ ਦੇ ਪੰਜ ਮੈਂਬਰ ਹੋਣਗੇ। ਵਾਲੰਟੀਅਰ ਬੋਰਡ, ਸੰਗਠਨ ਦੀ ਰਣਨੀਤਕ ਦਿਸ਼ਾ ਲਈ ਜ਼ਿੰਮੇਵਾਰ ਹੋਵੇਗਾ।

ਇਸ ਵਾਸਤੇ ਅਪਲਾਈ ਕਰਨ ਦੀ ਆਖ਼ਰੀ ਤਾਰੀਖ, 25 ਫਰਵਰੀ, 2022 ਹੈ। www.brampton.ca/CCET ਤੇ ਪੂਰੇ ਵੇਰਵੇ ਪ੍ਰਾਪਤ ਕਰੋ ਅਤੇ ਬੋਰਡ ਮੈਂਬਰ ਅਰਜ਼ੀ ਜਮ੍ਹਾਂ ਕਰੋ।

**ਗ੍ਰੋ ਗ੍ਰੀਨ ਅਵਾਰਡਸ (Grow Green Awards)**

ਬ੍ਰੈਂਪਟਨ ਦੇ ਨਵੇਂ ਗ੍ਰੋ ਗ੍ਰੀਨ ਅਵਾਰਡਸ ਲਈ, ਕਿਸੇ ਵਿਅਕਤੀ, ਕਾਰੋਬਾਰ, ਸੰਗਠਨ ਜਾਂ ਇੰਸਟੀਟਿਊਟ ਨੂੰ ਨਾਮਾਂਕਿਤ ਕਰੋ! ਇਹ ਅਵਾਰਡ ਪੂਰੇ ਬ੍ਰੈਂਪਟਨ ਵਿੱਚ ਉਹਨਾਂ ਸ਼ਾਨਦਾਰ ਵਿਅਕਤੀਆਂ, ਕਾਰੋਬਾਰਾਂ ਅਤੇ ਸੰਗਠਨਾਂ ਨੂੰ ਸਨਮਾਨਿਤ ਕਰਨਗੇ, ਜਿਹਨਾਂ ਨੇ ਵਾਤਾਵਰਣ ਸਬੰਧੀ ਲੀਡਰਸ਼ਿਪ ਦਰਸਾਈ ਹੈ ਅਤੇ ਸਿਹਤਮੰਦ, ਸਥਿਰ ਅਤੇ ਮਜ਼ਬੂਤ ਬ੍ਰੈਂਪਟਨ ਬਣਾਉਣ ਵਾਸਤੇ, ਸਾਡੇ ਕੁਦਰਤੀ ਅਤੇ ਨਿਰਮਿਤ ਵਾਤਾਵਰਣਾਂ ਨੂੰ ਕਾਇਮ ਰੱਖਣ, ਉਹਨਾਂ ਵਿੱਚ ਵਾਧਾ ਕਰਨ ਅਤੇ ਸੰਤੁਲਨ ਬਿਠਾਉਣ ਦੇ, ਗ੍ਰੋ ਗ੍ਰੀਨ ਵਿਜਨ (Grow Green Vision) ਵਿੱਚ ਖਾਸ ਤੌਰ ਤੇ ਯੋਗਦਾਨ ਦਿੱਤਾ ਹੈ।

ਚਾਰ ਅਵਾਰਡ ਸ਼੍ਰੇਣੀਆਂ ਵਿੱਚ ਸ਼ਾਮਲ ਹਨ:

- **ਕਲਾਈਮੇਟ ਚੇਂਜ ਅਵਾਰਡ (Climate Change Award)** – ਇਹ ਅਵਾਰਡ ਕਿਸੇ ਅਜਿਹੇ ਵਿਅਕਤੀ ਅਤੇ ਕਾਰੋਬਾਰ/ਸੰਗਠਨ ਨੂੰ ਦਿੱਤਾ ਜਾਂਦਾ ਹੈ, ਜਿਸਨੇ ਜਲਵਾਯੂ ਸਬੰਧੀ ਤਬਦੀਲੀ ਵਿੱਚ ਕਮੀ ਅਤੇ/ਜਾਂ ਜਲਵਾਯੂ ਸਬੰਧੀ ਤਬਦੀਲੀ ਅਨੁਕੂਲਨ ਜਾਗਰੂਕਤਾ/ਜਾਣਕਾਰੀ ਅਤੇ ਕਾਰਵਾਈ ਨੂੰ ਅੱਗੇ ਵਧਾਉਣ ਵਿੱਚ ਖਾਸ ਤੌਰ ਤੇ ਯੋਗਦਾਨ ਦਿੱਤਾ ਹੈ।
- **ਸਟੀਵਾਰਡਸ਼ਿਪ ਅਵਾਰਡ (Stewardship Award)** – ਇਹ ਅਵਾਰਡ ਕਿਸੇ ਅਜਿਹੇ ਵਿਅਕਤੀ ਅਤੇ ਕਾਰੋਬਾਰ/ਸੰਗਠਨ ਨੂੰ ਦਿੱਤਾ ਜਾਂਦਾ ਹੈ, ਜਿਸਨੇ ਰੁੱਖਾਂ, ਕੁਦਰਤੀ ਹੈਰੀਟੇਜ ਸਿਸਟਮ, ਪਾਣੀ, ਅਤੇ/ਜਾਂ ਕੂੜਾ-ਕਰਕਟ ਨੂੰ ਘਟਾਉਣ ਦੇ ਪ੍ਰਤੀ ਸੰਭਾਲ ਅਤੇ/ਜਾਂ ਸਟੀਵਾਰਡਸ਼ਿਪ ਨਾਲ ਸਬੰਧਿਤ, ਵਾਤਾਵਰਣ ਸਬੰਧੀ ਸਥਿਰਤਾ ਨੂੰ ਅੱਗੇ ਵਧਾਉਣ ਵਿੱਚ ਖਾਸ ਤੌਰ ਤੇ ਯੋਗਦਾਨ ਦਿੱਤਾ ਹੈ।
- **ਐਨਵਾਇਰਨਮੈਂਟਲ ਯੂਥ ਅਵਾਰਡ (Environmental Youth Award)** – ਇਹ ਅਵਾਰਡ ਕਿਸੇ ਅਜਿਹੇ ਵਿਅਕਤੀ ਜਾਂ ਯੂਥ ਗਰੁੱਪ ਨੂੰ ਦਿੱਤਾ ਜਾਂਦਾ ਹੈ, ਜਿਸਨੇ ਵਾਤਾਵਰਣ ਸਬੰਧੀ ਸੁਰੱਖਿਆ, ਜਲਵਾਯੂ ਸਬੰਧੀ ਤਬਦੀਲੀ ਦੀਆਂ ਕਾਰਵਾਈਆਂ ਅਤੇ/ਜਾਂ ਬ੍ਰੈਂਪਟਨ ਵਿੱਚ ਸਥਿਰਤਾ ਨੂੰ ਅੱਗੇ ਵਧਾਉਣ ਵਿੱਚ, ਅਸਧਾਰਨ ਉਪਲਬਧੀ ਦਰਸਾਈ ਹੈ।
- **ਐਨਵਾਇਰਨਮੈਂਟਲ ਲੀਗੇਸੀ ਅਵਾਰਡ (Environmental Legacy Award)** – ਇਹ ਅਵਾਰਡ ਕਿਸੇ ਅਜਿਹੇ ਵਿਅਕਤੀ ਨੂੰ ਦਿੱਤਾ ਜਾਂਦਾ ਹੈ, ਜਿਸਨੇ ਸਿਹਤਮੰਦ, ਮਜ਼ਬੂਤ ਅਤੇ ਸਥਿਰ ਸ਼ਹਿਰ ਬਣਾਉਣ ਵਾਸਤੇ, ਸਾਡੇ ਕੁਦਰਤੀ ਅਤੇ ਨਿਰਮਿਤ ਵਾਤਾਵਰਣਾਂ ਨੂੰ ਕਾਇਮ ਰੱਖਣ, ਉਹਨਾਂ ਵਿੱਚ ਵਾਧਾ ਕਰਨ ਅਤੇ ਸੰਤੁਲਨ ਬਿਠਾਉਣ ਦੇ, ਗ੍ਰੋ ਗ੍ਰੀਨ ਵਿਜਨ  ਵਿੱਚ ਸ਼ਾਨਦਾਰ ਨਿੱਜੀ ਸਰਵਿਸ ਅਤੇ ਲਗਾਤਾਰ ਯੋਗਦਾਨ ਦਿੱਤੇ ਹਨ।

ਨਾਮਾਂਕਣਾਂ ਲਈ ਆਖ਼ਰੀ ਤਾਰੀਖ, 28 ਫਰਵਰੀ, 2022 ਹੈ। ਪਬਲਿਕ ਹੈਲਥ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ, ਅਵਾਰਡਸ ਸਮਾਰੋਹ, ਬਸੰਤ 2022 ਵਿੱਚ ਵਿਅਕਤੀਗਤ ਜਾਂ ਵਰਚੁਅਲ (ਆਭਾਸੀ) ਤੌਰ ਤੇ ਆਯੋਜਿਤ ਕੀਤਾ ਜਾਵੇਗਾ। ਅਵਾਰਡਾਂ ਬਾਰੇ ਹੋਰ ਵੇਰਵਿਆਂ ਅਤੇ ਨਾਮਾਂਕਣ ਫਾਰਮ ਪੂਰਾ ਕਰਨ ਲਈ, ਇੱਥੇ ਕਲਿੱਕ ਕਰੋ (click here)।

**ਹਵਾਲੇ**

"ਬ੍ਰੈਂਪਟਨ, ਸਾਡੀ ਕਮਿਉਨਿਟੀ ਵਿੱਚ ਵਾਤਾਵਰਣ ਸਬੰਧੀ ਹਿਮਾਇਤੀਆਂ ਦੇ ਕਾਰਨ, ਇੱਕ ਗ੍ਰੀਨ ਸਿਟੀ ਅਤੇ ਸਥਿਰਤਾ ਵਿੱਚ ਲੀਡਰ ਹੈ। ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ, ਜੋ ਬ੍ਰੈਂਪਟਨ ਵਿੱਚ ਸਥਿਰਤਾ ਲਈ ਆਪਣੇ ਯੋਗਦਾਨਾਂ ਵਾਸਤੇ ਸਨਮਾਨ ਦਾ ਹੱਕਦਾਰ ਹੈ, ਤਾਂ ਉਸਨੂੰ ਗ੍ਰੋ ਗ੍ਰੀਨ ਅਵਾਰਡਸ ਵਾਸਤੇ ਨਾਮਾਂਕਿਤ ਕਰੋ। ਜੇਕਰ ਤੁਹਾਨੂੰ ਬੋਰਡ ਮੈਂਬਰ ਵਜੋਂ  ਕੰਮ ਕਰਨ ਦਾ ਅਨੁਭਵ ਹੈ, ਤਾਂ ਸੀ.ਸੀ.ਈ.ਟੀ. ਬੋਰਡ ਆਫ ਡਾਇਰੈਕਟਰਸ ਲਈ ਅਪਲਾਈ ਕਰੋ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਅਸੀਂ ਗ੍ਰੋ ਗ੍ਰੀਨ ਅਵਾਰਡਸ ਲਈ ਨਾਮਾਂਕਣਾਂ ਅਤੇ ਸੀ.ਸੀ.ਈ.ਟੀ. ਬੋਰਡ ਆਫ ਡਾਇਰੈਕਟਰਸ ਲਈ ਅਰਜ਼ੀਆਂ ਦੀ ਸਮਰੱਥਾ ਦੇਖਣ ਲਈ ਉਤਸ਼ਾਹਿਤ ਹਾਂ। ਬ੍ਰੈਂਪਟਨ ਸਿਟੀ ਕਾਉਂਸਿਲ, ਬ੍ਰੈਂਪਟਨ ਵਿੱਚ ਪੈਦਾ ਹੋਣ ਵਾਲੀਆਂ ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ 2050 ਤੱਕ, 80 ਪ੍ਰਤੀਸ਼ਤ ਤੱਕ ਘਟਾਉਣ ਦੇ ਸਾਡੇ ਸਫਰ ਤੇ ਸਾਡੇ ਸ਼ਹਿਰ ਦੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਉਣ ਲਈ ਵਚਨਬੱਧ ਹੈ। ਸਾਡੇ ਨਾਲ ਜੁੜੋ ਅਤੇ ਇਸ ਬਦਲਾਅ ਦਾ ਹਿੱਸਾ ਬਣੋ।"

- *ਪਾੱਲ ਵਿਸੇਂਟ (Paul Vicente), ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ; ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ*

"ਗ੍ਰੋ ਗ੍ਰੀਨ ਅਵਾਰਡਸ ਅਤੇ ਸੀ.ਸੀ.ਈ.ਟੀ. ਬੋਰਡ ਆਫ ਡਾਇਰੈਕਟਰਸ, ਵੱਧ ਗ੍ਰੀਨ ਸਿਟੀ ਦੇ ਸਾਡੇ ਮਿਸ਼ਨ ਦੀ ਹਿਮਾਇਤ ਕਰਦੇ ਹਨ, ਜਿਵੇਂ ਕਿ ਸੀ.ਈ.ਈ.ਆਰ.ਪੀ. ਅਤੇ ਟਰਮ ਆਫ ਕਾਉਂਸਿਲ ਪ੍ਰਾਇਰਟੀਜ ਵਿੱਚ ਦਿੱਤਾ ਗਿਆ ਹੈ। ਅਸੀਂ, ਇਹਨਾਂ ਮੌਕਿਆਂ ਦੇ ਦੁਆਰਾ ਗਲੋਬਲ ਜਲਵਾਯੂ ਸਬੰਧੀ ਤਬਦੀਲੀ ਨੂੰ ਘਟਾਉਣ ਦੇ, ਬ੍ਰੈਂਪਟਨ ਦੇ ਯੋਗਦਾਨਾਂ ਵਿੱਚ ਮਦਦ ਲਈ ਅਤੇ ਇਸ ਵਾਸਤੇ ਹੋਰਾਂ ਨੂੰ ਪ੍ਰੇਰਿਤ ਕਰਨ ਲਈ, ਸਾਰੇ ਜਲਵਾਯੂ ਸਬੰਧੀ ਤਬਦੀਲੀ ਦੇ ਲੀਡਰਾਂ ਨੂੰ ਸੱਦਾ ਦਿੰਦੇ ਹਾਂ।"

- *ਡਗ ਵ੍ਹਿਲੈਨਸ (Doug Whillans), ਸਿਟੀ ਕਾਊਂਸਲਰ, ਵਾਰਡਸ 2 ਅਤੇ 6; ਮੈਂਬਰ, ਐਨਵਾਇਰਨਮੈਂਟ ਐਡਵਾਈਜਰੀ ਕਮੇਟੀ; ਮੈਂਬਰ, ਸੀ.ਈ.ਈ.ਆਰ.ਪੀ. ਕਮਿਊਨਿਟੀ ਟਾਸਕ ਫੋਰਸ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਸਾਡੀ ਕਮਿਊਨਿਟੀ ਵਿੱਚ ਜਲਵਾਯੂ ਸਬੰਧੀ ਤਬਦੀਲੀ ਦੇ ਟੀਚਿਆਂ ਨੂੰ ਪੂਰਾ ਕਰਨ ਅਤੇ ਉਹਨਾਂ ਲੋਕਾਂ ਨੂੰ ਸਨਮਾਨਿਤ ਕਰਨ ਲਈ ਵਚਨਬੱਧ ਹੈ, ਜੋ ਸਥਿਰਤਾ ਵਿੱਚ ਸੁਧਾਰ ਕਰਨ ਅਤੇ ਸਾਡੇ ਵਾਤਾਵਰਣ ਸਬੰਧੀ ਸਟੈਂਡਰਡਸ ਵਿੱਚ ਹੋਰ ਵਾਧਾ ਕਰਨ ਦਾ ਯਤਨ ਕਰਦੇ ਹਨ। Brampton.ca ਤੇ ਹੋਰ ਜਾਣੋ, ਕਿਸੇ ਨੂੰ ਗ੍ਰੋ ਗ੍ਰੀਨ ਅਵਾਰਡਸ ਲਈ ਨਾਮਾਂਕਿਤ ਕਰੋ ਜਾਂ ਸੀ.ਸੀ.ਈ.ਟੀ. ਬੋਰਡ ਆਫ ਡਾਇਰੈਕਟਰਸ ਲਈ ਅਰਜ਼ੀ ਜਮ੍ਹਾਂ ਕਰੋ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca